## ਜਾਣਕਾਰੀ ਲੈਣ ਲਈ ਸੰਪਰਕ ਕਰੋ

**ਡੇਵਿਸ ਸੈਂਟਰ**
80 ਐਲਨ ਡਰਾਈਵ
ਬੋਲਟਨ, ਔਂਟੇਰੀਓ L7E 1P7
ਫੋਨ: 905-857-0975

**ਮਾਲਟਨ ਵਿਲੇਜ**
7075 ਰੈਕਸਵੁੱਡ ਰੋਡ
ਮਿਸੀਸਾਗਾ, ਔਂਟੇਰੀਓ L4T 4M1
ਫੋਨ: 905-791-1179

**ਪੀਲ ਮੈਨਰ**
525 ਮੇਨ ਸਟਰੀਟ ਉੱਤਰ
ਬਰੈਂਪਟਨ, ਔਂਟੇਰੀਓ L6X 1N9
ਫੋਨ: 905-453-4140

**ਸ਼ੈਰੀਡਨ ਵਿਲਾ**
2460 ਟਰੱਸਕੌਟ ਡਰਾਈਵ
ਮਿਸੀਸਾਗਾ, ਔਂਟੇਰੀਓ L5J 3Z8
ਫੋਨ: 905-791-8668

**ਟਾਲ ਪਾਈਨਜ਼**
1001 ਪੀਟਰ ਰੌਬਰਟਸਨ ਬੁਲੇਵਾਰਡ
ਬਰੈਂਪਟਨ, ਔਂਟੇਰੀਓ L6R 2Y3
ਫੋਨ: 905-791-2449

B-14-011 06/10
Punjabi LTC Facts

# ਰੀਜਨ ਆਫ਼ ਪੀਲ
# ਲੰਬੇ ਸਮੇਂ ਲਈ ਦੇਖਭਾਲ

Peel Long Term Care
A Tradition of Caring

Region of Peel
Working for you

## ਲੰਬੇ ਸਮੇਂ ਲਈ ਦੇਖਭਾਲ ਕੀ ਹੈ?

ਲੰਬੇ ਸਮੇਂ ਲਈ ਦੇਖਭਾਲ ਉਨ੍ਹਾਂ ਵਿਅਕਤੀਆਂ ਲਈ ਹੈ ਜਿੰਨ੍ਹਾਂ ਨੂੰ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਦਾ ਬੰਦੋਬਸਤ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ ਜਾਂ ਜਿੰਨ੍ਹਾਂ ਨੂੰ ਇੱਕ ਬੋਧਾਤਮਕ ਵਿਕਾਰ ਜਿਵੇਂ ਕਿ ਡਿਮੈਨਸ਼ੀਆ ਅਤੇ ਅਲਜ਼ਾਈਮਰ (ਜਿਸ ਨਾਲ ਯਾਦਦਾਸ਼ਤ, ਸੋਚਣ ਸ਼ਕਤੀ ਅਤੇ ਬੋਲਣ ਦੀ ਸ਼ਕਤੀ 'ਤੇ ਬੁਰਾ ਪ੍ਰਭਾਵ ਪੈਂਦਾ ਹੈ) ਦੀ ਬਿਮਾਰੀ ਕਾਰਨ ਨਿਗਰਾਨੀ ਦੀ ਲੋੜ ਹੁੰਦੀ ਹੈ।

ਲੰਬੇ ਸਮੇਂ ਲਈ ਦੇਖਭਾਲ ਦਾ ਕੇਂਦਰ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਵਿਅਕਤੀ ਰਹਿੰਦਾ ਹੈ ਅਤੇ ਉਸਦੀ ਦੇਖਭਾਲ 'ਤੇ ਸੇਵਾ ਸਿਖਲਾਈ ਪ੍ਰਾਪਤ ਪੇਸ਼ਾਵਰ ਦੁਆਰਾ ਕੀਤੀ ਜਾਂਦੀ ਹੈ।

## ਇਸ ਲਈ ਯੋਗ ਕੌਣ ਹੁੰਦਾ ਹੈ?

ਲੰਬੇ ਸਮੇਂ ਲਈ ਦੇਖਭਾਲ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਵਿਅਕਤੀ ਨੂੰ ਕਈ ਜਰੂਰੀ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

- ਲੰਬੇ ਸਮੇਂ ਲਈ ਦੇਖਭਾਲ ਦੇ ਬਿਨੈਕਾਰਾਂ ਨੂੰ 24-ਘੰਟੇ ਡਾਕਟਰੀ ਦੇਖਭਾਲ ਅਤੇ/ਜਾਂ ਨਿਗਰਾਨੀ ਦੀ ਲੋੜ ਹੋਣੀ ਜ਼ਰੂਰੀ ਹੈ।
- ਸਿਹਤ ਅਤੇ ਲੰਬੇ ਸਮੇਂ ਲਈ ਦੇਖਭਾਲ ਦੇ ਮੰਤਰਾਲੇ (Ministry of Health and Long Term Care) ਵੱਲੋਂ ਲੰਬੇ ਸਮੇਂ ਲਈ ਦੇਖਭਾਲ ਵਾਸਤੇ ਨਿਰਧਾਰਤ ਕੀਤੀਆਂ ਸ਼ਰਤਾਂ ਉਨ੍ਹਾਂ ਲਈ ਪੂਰੀਆਂ ਕਰਨੀਆਂ ਜ਼ਰੂਰੀ ਹਨ।
- ਉਨ੍ਹਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਅਤੇ ਉਨ੍ਹਾਂ ਕੋਲ ਜਾਇਜ਼ ਹੈਲਥ ਕਾਰਡ ਹੋਣਾ ਲਾਜ਼ਮੀ ਹੈ।

## ਲੰਬੇ ਸਮੇਂ ਲਈ ਦੇਖਭਾਲ ਕਰਨ ਵਾਲੇ ਕੇਂਦਰ ਲਈ ਅਰਜ਼ੀ ਕਿਵੇਂ ਦਿੱਤੀ ਜਾਵੇ?

ਲੰਬੇ ਸਮੇਂ ਲਈ ਦੇਖਭਾਲ ਦੇ ਕੇਂਦਰ ਨੂੰ ਅਰਜ਼ੀ ਕਮਿਊਨਿਟੀ ਕੇਅਰ ਐਕਸੈੱਸ ਸੈਂਟਰ (CCAC) ਰਾਹੀਂ ਹੀ ਦੇਣੀ ਜ਼ਰੂਰੀ ਹੈ। ਸੀ ਸੀ ਏ ਸੀ (CCAC) ਅਰਜ਼ੀ ਦੇਣ ਦੀ ਪ੍ਰੀਕ੍ਰਿਆ ਬਾਰੇ ਜਾਣਕਾਰੀ ਦੇਵੇਗਾ, ਦੇਖਭਾਲ ਦੀਆਂ ਸੇਵਾਵਾਂ ਦੀ ਚੋਣ ਕਰਨ ਬਾਰੇ ਬਿਨੈਕਾਰ ਨੂੰ ਮਿਲੇਗਾ ਅਤੇ ਇਹ ਨਿਸ਼ਚਤ ਕਰੇਗਾ ਕਿ ਕੀ ਬਿਨੈਕਾਰ ਲੰਬੇ ਸਮੇਂ ਲਈ ਦੇਖਭਾਲ ਦੀਆਂ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹੈ। ਆਪਣੇ ਸਥਾਨਕ ਸੀ ਸੀ ਏ ਸੀ ਕੇਂਦਰ (CCAC) ਨਾਲ ਸੰਪਰਕ ਕਰਨ ਲਈ ਕ੍ਰਿਪਾ ਕਰਕੇ 905-799-7700 'ਤੇ ਫੋਨ ਕਰੋ।

## ਕਿਹੜੀਆਂ-ਕਿਹੜੀਆਂ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ?

ਪੀਲ ਰੀਜਨ ਦੇ ਲੰਬੇ ਸਮੇਂ ਲਈ ਦੇਖਭਾਲ ਦੇ ਕੇਂਦਰ:

- 24-ਘੰਟੇ ਨਰਸਿੰਗ ਸੰਬੰਧੀ ਦੇਖਭਾਲ ਮੁਹੱਈਆ ਕਰਦੇ ਹਨ
- ਡਾਕਟਰੀ ਦੇਖਭਾਲ ਮੁਹੱਈਆ ਕਰਦੇ ਹਨ
- ਦਿਨ ਵਿੱਚ ਤਿੰਨ ਵਾਰੀ ਖਾਣਾ ਅਤੇ ਖਾਣਿਆਂ ਦੇ ਸਮੇਂ ਵਿਚਕਾਰ ਅਤੇ ਸੌਣ ਵੇਲੇ ਜਲਪਾਨ ਦਿੰਦੇ ਹਨ
- ਸਮਾਜਿਕ, ਮਨੋਰੰਜਕ, ਆਤਮਕ ਅਤੇ ਸਰੀਰਕ ਸਰਗਰਮੀਆਂ ਅਤੇ ਪ੍ਰੋਗਰਾਮ ਮੁਹੱਈਆ ਕਰਦੇ ਹਨ
- ਨਿੱਜੀ ਕੱਪੜਿਆਂ ਨੂੰ ਧੋਂਦੇ ਅਤੇ ਨਾਵਾਂ ਦੀਆਂ ਚੇਪੀਆਂ ਲਾਉਂਦੇ ਹਨ
- ਬਿਸਤਰੇ ਅਤੇ ਚਾਦਰਾਂ ਆਦਿ ਮੁਹੱਈਆ ਕਰਦੇ ਹਨ
- ਬੈੱਡਰੂਮ ਲਈ ਸਾਜ਼ੋ-ਸਮਾਨ, ਜਿਵੇਂ ਕਿ ਲੋੜ ਮੁਤਾਬਕ ਉੱਚਾ-ਨੀਵਾਂ ਕੀਤਾ ਜਾ ਸਕਣ ਵਾਲਾ ਪਲੰਘ,ਪਲੰਘ ਦੇ ਨਾਲ ਰੱਖਣ ਲਈ ਮੇਜ਼, ਡਰੈਸਰ ਅਤੇ ਇੱਕ ਅਰਾਮ-ਕੁਰਸੀ ਮੁਹੱਈਆ ਕਰਦੇ ਹਨ

## ਲੰਬੇ ਸਮੇਂ ਲਈ ਦੇਖਭਾਲ 'ਤੇ ਕਿੰਨਾਂ ਖਰਚ ਆਉਂਦਾ ਹੈ?

ਸਿਹਤ ਅਤੇ ਲੰਬੇ ਸਮੇਂ ਲਈ ਦੇਖਭਾਲ ਦਾ ਮੰਤਰਾਲਾ (Ministry of Health and Long-Term Care) ਸਾਰੇ ਆਂਟੇਰੀਓ ਵਿਚਲੇ ਲੰਬੇ ਸਮੇਂ ਦੀ ਦੇਖਭਾਲ ਦੇ ਕੇਂਦਰਾਂ ਲਈ ਖਰਚਿਆਂ ਦੇ ਮਿਆਰ ਨਿਸ਼ਚਤ ਕਰਦਾ ਹੈ। ਹਰ ਸਾਲ ਇੰਨ੍ਹਾਂ ਦਰਾਂ ਦੀ ਨਜ਼ਰਸਾਨੀ ਕੀਤੀ ਜਾਂਦੀ ਹੈ। ਚਲੰਤ ਦਰਾਂ ਦਾ ਪਤਾ ਕਰਨ ਲਈ ਕ੍ਰਿਪਾ ਕਰਕੇ ਆਪਣੇ ਸਥਾਨਕ ਸੀ ਸੀ ਏ ਸੀ (CCAC) ਨਾਲ ਸੰਪਰਕ ਕਰੋ।

ਅਜਿਹੇ ਨਿਵਾਸੀ ਜੋ ਦਰਾਂ ਵਿੱਚ ਛੋਟ ਲੈਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਉਨ੍ਹਾਂ ਨੂੰ ਆਮ ਕਮਰੇ ਵਿੱਚ ਰਹਿਣ ਲਈ ਮਾਲੀ ਮਦਦ ਮਿਲਦੀ ਹੈ।

## ਪਰਿਵਾਰਾਂ ਦੀ ਸ਼ਮੂਲੀਅਤ

ਸਾਡੇ ਕੇਂਦਰਾਂ ਵਿਖੇ, ਉੱਥੇ ਰਹਿਣ ਵਾਲੇ ਨਿਵਾਸੀਆਂ ਦੀ ਜ਼ਿੰਦਗੀ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਲਈ ਅਸੀਂ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਉਤਸ਼ਾਹਤ ਕਰਦੇ ਹਾਂ। ਪਰਿਵਾਰ ਅਤੇ ਦੋਸਤ, ਜਦੋਂ ਵੀ ਚਾਹੁਣ, ਮਿਲਣ ਲਈ ਆ ਸਕਦੇ ਹਨ ਅਤੇ ਸਾਡੇ ਕੇਂਦਰ ਵਿਚਲੀਆਂ ਰੋਜ਼ਾਨਾਂ ਦੀਆਂ ਸਰਗਰਮੀਆਂ ਅਤੇ ਸਵੈਇੱਛਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਸਕਦੇ ਹਨ।

## ਵਿਅਕਤੀਗਤ ਦੇਖਭਾਲ

ਸਾਡੇ ਕੇਂਦਰਾਂ ਵਿਖੇ, ਅਸੀਂ ਸਾਰੇ ਨਿਵਾਸੀਆਂ ਦੀਆਂ ਵਿਭਿੰਨ ਜਰੂਰਤਾਂ ਪੂਰੀਆਂ ਕਰਨ ਲਈ ਵਿਅਕਤੀਗਤ ਅਧਾਰ 'ਤੇ ਦੇਖਭਾਲ ਮੁਹੱਈਆ ਕਰਦੇ ਹਾਂ।

ਸਾਡੇ ਕੇਂਦਰਾਂ ਦੇ ਨਿਵਾਸੀ ਅਤੇ ਉਨ੍ਹਾਂ ਦੇ ਪਰਿਵਾਰ ਆਪਣੀਆਂ ਤਰਜੀਹਾਂ ਅਤੇ ਦੇਖਭਾਲ ਦੀਆਂ ਲੋੜਾਂ ਦੇ ਅਧਾਰ 'ਤੇ ਦੇਖਭਾਲ ਦੀ ਯੋਜਨਾ ਬਣਾਉਣ ਲਈ ਉਥੋਂ ਦੇ ਅਮਲੇ ਨੂੰ ਮਿਲਦੇ ਹਨ।

## ਬਾਲਗਾਂ ਲਈ ਦਿਨ ਦੇ ਸਮੇਂ ਦੇ ਪ੍ਰੋਗਰਾਮ

ਅਡਲਟ ਡੇਅ ਸਰਵਿਸ ਕਮਿਊਨਿਟੀ ਵਿੱਚ ਰਹਿੰਦੇ ਵਡੇਰੀ ਉਮਰ ਦੇ ਬਾਲਗਾਂ ਲਈ ਕਈ ਤਰ੍ਹਾਂ ਦੀਆਂ ਸਮਾਜਕ ਅਤੇ ਸਹਾਇਕ ਸੇਵਾਵਾਂ ਮੁਹੱਈਆ ਕਰਦੀ ਹੈ। ਇਹ ਸੇਵਾ ਦਿਨ ਵੇਲੇ ਮਿਲਦੀ ਹੈ ਅਤੇ ਟਾਲ ਪਾਈਨਜ਼ ਤੋਂ ਬਿਨਾ ਸਾਡੇ ਸਾਰੇ ਕੇਂਦਰਾਂ ਵਿਖੇ ਮਿਲਦੀ ਹੈ।

## ਰੀਜਨ ਆਫ਼ ਪੀਲ ਲੰਬੇ ਸਮੇਂ ਲਈ ਦੇਖਭਾਲ

ਰੀਜਨ ਆਫ਼ ਪੀਲ 100 ਤੋਂ ਵੀ ਵੱਧ ਸਾਲਾਂ ਤੋਂ ਲੰਬੇ ਸਮੇਂ ਲਈ ਦੇਖਭਾਲ ਦੀ ਸੇਵਾ ਮੁਹੱਈਆ ਕਰਦਾ ਆ ਰਿਹਾ ਹੈ। ਰੀਜਨ ਆਫ਼ ਪੀਲ ਪੰਜ ਕੇਂਦਰ ਚਲਾਉਂਦਾ ਹੈ - ਕੈਲੇਡੌਨ ਵਿੱਚ ਡੇਵਿਸ ਸੈਂਟਰ, ਬਰੈਂਪਟਨ ਵਿਚ ਪੀਲ ਮੈਨਰ ਅਤੇ ਟਾਲ ਪਾਈਨਜ਼, ਮਿਸੀਸਾਗਾ ਵਿੱਚ ਮਾਲਟਨ ਵਿਲੇਜ ਅਤੇ ਸ਼ੈਰੀਡਨ ਵਿਲਾ।

ਕਿਉਂਕਿ ਇਹ ਸਾਰੇ ਹੀ ਕੇਂਦਰ ਰੀਜਨ ਆਫ਼ ਪੀਲ ਦੀ ਮਲਕੀਅਤ ਹਨ ਅਤੇ ਉਸ ਦੁਆਰਾ ਹੀ ਚਲਾਏ ਜਾਂਦੇ ਹਨ, ਇਸ ਲਈ ਤੁਸੀਂ ਨਿਸਚਿੰਤ ਹੋ ਸਕਦੇ ਹੋ ਕਿ ਉਹ ਜਵਾਬਦੇਹ ਹੋਣਗੇ ਅਤੇ ਕਮਿਊਨਿਟੀ ਦੇ ਸਰਵੋਤਮ ਹਿਤ ਲਈ ਕੰਮ ਕਰਨਗੇ।